G-480 20136

# ਭੂਮਿਕਾ

'ਪ੍ਰੇਮ-ਸੰਗੀਤ' ਮੇਰੀ ਓਦੋਂ ਦੀ ਲਿਖਤ ਹੈ, ਜਦ ਨਾਵਲ ਸੰਬੰਧੀ ਮੈਂ ਊੜੇ ਐੜੇ ਦੇ ਵਿਦਿਆਰਥੀ ਜਿਨੀ ਹੀ ਸਮਝ ਰਖਦਾ ਸਾਂ। ਉਸ ਵੇਲੇ ਮੈਨੂੰ ਇਹ ਰਚਨਾ ਇਤਨੀ ਚੰਗੀ ਲਗਦੀ ਸੀ ਕਿ ਆਪਣੇ ਜਾਣੇ ਮੈਂ ਇਸ ਨੂੰ ਲਿਖ ਕੇ ਪੰਜਾਬੀ ਸਾਹਿਤ ਦੀ ਕੋਈ ਬੜੀ ਭਾਰੀ ਸੇਵਾ ਕਰ ਦਿਤੀ ਹੈ ਤੇ ਮੇਰਾ ਖਿਆਲ ਸੀ ਕਿ ਬਸ ਮੈਂ ਨਾਵਲ-ਲੇਖਕ ਬਣਿਆਂ ਹੀ ਪਿਆ ਹਾਂ। ਇਹੋ ਕਾਰਨ ਸੀ, ਕਿ ਮੈਂ ਇਸ ਨੂੰ ਬੜੇ ਸ਼ੌਕ ਤੇ ਉਤਸ਼ਾਹ ਨਾਲ ਛਾਪਿਆ।

ਜਦ ਇਸ ਦੀ ਪਹਿਲੀ ਐਡੀਸ਼ਨ ਮੁਕ ਗਈ ਤੇ ਮੈਨੂੰ ਇਸ ਦੇ ਦੁਬਾਰਾ ਛਾਪਣ ਦੀ ਲੋੜ ਭਾਸੀ, ਤਾਂ ਮੈਂ ਇਸ ਨੂੰ ਮੁੜ ਕੇ ਪੜ੍ਹਿਆ। ਪੜ੍ਹ ਕੇ ਮੈਨੂੰ ਇਸ ਵਿਚ ਏਨੀਆਂ ਊਣ-ਤਾਈਆਂ ਜਾਪੀਆਂ, ਕਿ ਇਸ ਦੇ ਮੁੜ ਛਾਪਣ ਦਾ ਮੈਂ ਹੀਆ ਹੀ ਨਾ ਕਰ ਸਕਿਆ।

ਪੁਸਤਕ ਕਿਨਾ ਹੀ ਚਿਰ ਮੁਕੀ ਰਹੀ ਤੇ ਮੰਗਾਂ ਉਮੈਦ ਨਾਲੋਂ ਵਧੇਰੇ ਆਉਂਦੀਆਂ ਰਹੀਆਂ, ਜਿਸ ਕਰ ਕੇ ਮੈਂ ਲਾਲਚ ਦਾ ਸ਼ਿਕਾਰ ਹੋ ਹੀ ਗਿਆ ਤੇ ਇਸ ਨੂੰ ਦੂਜੀ ਵੇਰਾਂ ਛਾਪਣ ਦਾ ਫੈਸਲਾ ਕੀਤਾ। ਹੁਣ ਜੇ ਮੈਂ ਇਸ ਨੂੰ ਨਵੇਂ ਸਿਰੇ ਠੀਕ ਕਰਨ ਲਗਦਾ ਤਾਂ ਇਸ ਦਾ ਸਿੱਟਾ ਇਹ ਹੁੰਦਾ ਕਿ ਪੁਸਤਕ ਕਿਸੇ ਹੋਰ ਹੀ ਰੂਪ ਵਿਚ ਪਲਟ ਜਾਂਦੀ ਤੇ ਇਸ ਦੇ ਛਾਪਣ ਤੇ ਵੀ 'ਪ੍ਰੇਮ-ਸੰਗੀਤ' ਜਿਉਂ ਦੀ ਤਿਉਂ ਮੁਕੀ ਹੀ ਰਹਿੰਦੀ।

ਇਹੋ ਕਾਰਨ ਹੈ, ਕਿ ਮੈਂ ਮਨ ਮਰਜੀ ਅਨਸਾਰ ਇਸ ਨੂੰ ਨਾ ਸੋਧ ਕੇ, ਕੇਵਲ ਖਾਸ ੨ ਤੇ ਮੋਟੀਆਂ ੨ ਭੁੱਲਾਂ ਅਥਵਾ ਮਜ਼ਮੂਨ ਦੀ ਬਣਤਰ ਨੂੰ ਹੀ ਮਾੜਾ ਮੋਟਾ ਦਰੁਸਤ ਕੀਤਾ ਹੈ ਤੇ ਪੁਸਤਕ ਛਪਣ ਲਈ ਦੇ ਦਿਤੀ ਹੈ।

ਪਰ ਇਸ ਦਾ ਮਤਲਬ ਇਹ ਨਾ ਸਮਝਿਆ ਜਾਵੇ, ਕਿ ਹੁਣ ਮੈਂ ਕਿਤੇ ਟੈਗੋਰ ਦਾ ਭਤੀਜਾ ਬਣ ਗਿਆ ਹਾਂ। ਸਗੋਂ ਜੇ ਮੇਰੇ ਪਾਸੋਂ ਕੋਈ ਸੱਚੀ ੨ ਗਲ ਪੁਛੇ ਤਾਂ ਮੈਂ ਕਹਾਂਗਾ, ਕਿ ਨਾਵਲ ਦੇ ਹੁਨਰ ਤੋਂ ਅਜੇ ਮੈਂ ਓਨਾ ਹੀ ਦੂਰ ਬੈਠਾ ਹਾਂ, ਜਿਨਾ ਬੁਢੇਪੇ ਤੋਂ ਬਾਲ-ਪੁਣਾ। ਪਰ ਤਾਂ ਵੀ ਇਨ੍ਹਾਂ ਕੁਝ ਸਾਲਾਂ ਦੀ ਸਿਰ-ਦਰਦੀ ਤੋਂ ਮੈਂ ਇਤਨੀ ਗਲ ਜ਼ਰੂਰ ਸਮਝ ਗਿਆ ਹਾਂ ਕਿ ਨਾਵਲ ਲਿਖਣਾ ਕਿੰਨਾ ਔਖਾ ਕੰਮ ਹੈ। ਬਾਕੀ ਰਿਹਾ ਇਸ ਕੰਮ ਨੂੰ ਕਰ ਸਕਣ ਦੇ ਜੋਗ ਹੋਣਾ, ਇਸ ਬਾਬਤ ਮੇਰਾ ਇਹੋ ਕਹਿਣਾ ਹੈ, "ਕਾਸ਼! ਮੈਂ ਇਸੇ ਜਨਮ ਵਿਚ ਨਾਵਲ-ਲੇਖਕ ਬਣ ਸਕਦਾ।"

ਸੋ ਇਹ ਪਾਠਕਾਂ ਦੀ ਖੁਲ੍ਹ ਦਿਲੀ ਤੇ ਮੇਰੀ ਖੁਸ਼ ਕਿਸਮਤੀ ਹੈ, ਕਿ ਉਹ ਮੇਰੀਆਂ ਤ੍ਰੁਟੀਆਂ ਨੂੰ ਅਣਡਿਠ ਕਰਦੇ ਹੋਏ ਮੇਰੀ ਤੁਛ ਲੇਖਣੀ ਨਾਲ ਇਤਨਾ ਪਿਆਰ ਕਰਦੇ ਹਨ। ਵਾਹਿਗੁਰੂ ਕਰੇ, ਮੈਂ ਉਨ੍ਹਾਂ ਦਾ ਪਿਆਰ ਹੋਰ ਵਧੇਰੇ ਪ੍ਰਾਪਤ ਕਰਨ ਲਈ ਆਪਣੇ ਆਪ ਵਿਚ ਕੋਈ ਉਚੇਚੀ ਯੋਗਤਾ ਪੈਦਾ ਕਰ ਸਕਾਂ।

ਮੈਂ ਹਾਂ ਆਪਣੇ ਸਤਕਾਰ ਯੋਗ ਪਾਠਕਾਂ ਪਾਠਕਾਵਾਂ ਦਾ
ਅਣਜਾਣ ਜਿਹਾ ਖਿਡਾਉਣਾ—ਨਾਨਕ ਸਿੰਘ

# ਪ੍ਰੇਮ ਸੰਗੀਤ

## ਪਹਿਲਾ ਕਾਂਡ

ਬਜ਼ਾਰ ਦੇ ਚੌਂਕ ਵਿਚ ਭੀੜ ਭੜੱਕਾ ਵੇਖ ਕੇ ਜਗਜੀਤ ਨੇ ਖਿਆਲ ਕੀਤਾ ਸ਼ੈਦ ਕਿਸੇ ਬਜਾਜ਼ੀ ਦੀ ਹਟੀ ਅਗੇ ਕਾਂਗ੍ਰਸ-ਵਾਲੰਟੀਅਰਾਂ ਦੀ ਗ੍ਰਿਫਤਾਰੀ ਹੋ ਰਹੀ ਹੈ। ਉਸ ਨੇਂ ਨੌਕਰ ਨੂੰ ਕਿਹਾ—"ਤੂੰ ਘਰ ਚਲ ਤੇ ਮੈਂ ਜ਼ਰਾ ਵੇਖ ਆਵਾਂ ਉਥੇ ਕੇਹੀ ਭੀੜ ਲਗੀ ਹੋਈ ਏ।"

ਉਹ ਜਦ ਚੌਂਕ ਵਿਚ ਪੁਜਾ ਤਾਂ ਕਿਸੇ ਸੁੰਦਰੀ ਦੀ ਡਾਢੀ ਮਿਠੀ ਤੇ ਸੁਰੀਲੀ ਅਵਾਜ਼ ਉਸ ਦੇ ਕੰਨਾਂ ਵਿਚ ਪਈ, ਜੇੜ੍ਹੀ ਭੈਰਵੀ ਰਾਗ ਦੀ ਲੈ ਵਿਚ ਤੇ ਪੰਚਮ ਦੀ ਸੁਰ ਵਿਚ ਗਾ ਰਹੀ ਸੀ। ਇਸ ਦੀ ਕੋਇਲ ਵਰਗੀ ਅਵਾਜ਼ ਰਾਹ ਜਾਂਦਿਆਂ ਦੇ ਦਿਲਾਂ ਵਿਚ ਕੁੰਡੀ ਪਾ ਕੇ ਖਿੱਚੀ ਲਈ ਆਉਂਦੀ ਸੀ। ਉਸ ਦੇ ਸੁਰੀਲੇ "ਪਪੀਹਾ ਕਾਹਿ ਮਚਾਵੇ ਸ਼ੋਰ।" ਸ਼ਬਦ ਘੜੀ ਮੁੜੀ ਜਗਜੀਤ ਦੇ ਕੰਨਾਂ ਵਿਚ ਹੀ ਨਹੀਂ, ਬਲਕਿ ਉਸ ਦੇ ਦਿਲ ਦੀ ਡੂੰਘੀ ਤਹਿ ਵਿਚ ਮਾਨੋ ਛੇਕ ਕਰਦੇ ਚਲੇ ਜਾਂਦੇ ਸਨ।

ਜਿਸ ਤਰ੍ਹਾਂ ਮਿਕਨਾਤੀਸ ਦੇ ਸਾਹਮਣੇ ਲੋਹਾ ਆਪਣੇ ਆਪ ਹੀ ਖਿੱਚਦਾ ਚਲਾ ਜਾਂਦਾ ਹੈ, ਉਸੇ ਤਰ੍ਹਾਂ ਜਗਜੀਤ ਨੂੰ ਪਤਾ ਵੀ ਨਾ ਲਗਾ ਕਿ ਉਹ ਕੇਹੜੇ ਵੇਲੇ ਭੀੜ ਨੂੰ ਚੀਰ ਕੇ ਗੌਣ ਵਾਲੀ ਦੇ ਸਾਹਮਣੇ ਜਾ ਖੜਾ ਹੋਇਆ ਸੀ।

ਗੌਣ ਵਾਲੀ ਪਹਿਰਾਵੇ ਤੋਂ ਰਾਜਪੂਤਾਨੇ ਦੀ ਜਾਪਦੀ ਸੀ। ਉਸ ਦਾ ਰੰਗ ਭਾਵੇਂ ਕਣਕ ਵੰਨਾ ਸੀ, ਪਰ ਨਕਸ਼ ਨੈਣ ਐਸੇ ਸੁੰਦਰ ਤੇ ਤਿਖੇ ਸਨ ਕਿ ਵੇਖਣ ਵਾਲੇ ਨੂੰ ਕਾਦਰ ਦੀ ਇਕ ਅਜੀਬ ਕਾਰਾਗਰੀ ਦਾ ਅਨਭਵ ਹੁੰਦਾ ਸੀ। ਉਸ ਦੀਆਂ ਮੋਟੀਆਂ ਪਰ ਸ਼ਰਮੀਲੀਆਂ ਅੱਖਾਂ ਵਿਚ ਇਸਤ੍ਰੀ ਪੁਣੇ ਦੇ ਸਾਰੇ ਉਚੇ ਗੁਣ ਝਲਕਦੇ ਸਨ। ਇਕ ਉਭਰਵੀਂ ਜਵਾਨੀ ਤੇ ਦੂਜੀ ਕੋਇਲ ਵਰਗੀ ਮਸਤ ਅਵਾਜ—ਤਪਸੀਆਂ ਦੇ ਆਸਣ ਨੂੰ ਵੀ ਹਲਾ ਦੇਣ ਦੀ ਸਮ੍ਰੱਥਾ ਰਖਦੀ ਸੀ। ਉਸ ਦੇ ਭੋਲੇ ਤੇ ਬੇ ਐਬ ਚੇਹਰੇ ਪਰ ਪਵਿੱਤ੍ਰਤਾ ਤੇ ਧਰਮ ਪਰਾਇਣਤਾ ਦੀ ਕੋਈ ਐਸੀ ਬੇ-ਮਲੂਮੀ ਜੇਹੀ ਰੇਖ ਸੀ ਜਿਸ ਨੂੰ ਵੇਖ ਕੇ ਚੋਰਾਂ ਡਾਕੂਆਂ ਦੇ ਦਿਲਾਂ ਵਿਚ ਵੀ ਇਕ ਵਾਰੀ ਐਸਾ ਗੰਭੀਰ ਝਲ-ਕਾਰਾ ਪੈਂਦਾ ਸੀ ਕਿ ਉਨ੍ਹਾਂ ਦੀਆਂ ਅੱਖਾਂ ਧਰਤੀ ਪੁਰ ਗੱਡੀਆਂ ਜਾਂਦੀਆਂ ਸਨ।

ਵੇਖਦਿਆਂ ਵੇਖਦਿਆਂ ਚੌਂਕ ਵਿਚ ਇਤਨੀ ਭੀੜ ਹੋ ਗਈ ਕਿ ਗੱਡੀਆਂ ਟਾਂਗੇ ਸਭ ਰੁਕ ਗਏ। ਜਗਜੀਤ ਇਸ ਵੇਲੇ ਇਤਨਾ ਬੇ-ਖੁਦ ਹੋਇਆ ੨ ਸੀ ਕਿ ਭਾਵੇਂ ਉਸ ਨੂੰ ਕੋਈ ਚੂੰਢੀ ਵਢ ਲੈਂਦਾ ਤਾਂ ਵੀ ਉਸ ਦੀ ਹਾਲਤ ਨਾ ਬਦਲਦੀ। ਕੀ ਉਹ ਉਸ ਦੀ ਸੁਰੀਲੀ ਅਵਾਜ਼ ਜਾਂ ਉਸ ਦੀ ਸੁੰਦ੍ਰਤਾ ਪਰ ਹੀ ਮੁਹਤ ਸੀ ? ਹੋ ਸਕਦਾ ਹੈ ਇਹ ਵੀ ਹੋਵੇ, ਪਰ ਵਧੇਰੇ ਜਿਸ ਖਿਆਲ ਵਿਚ ਉਹ ਮਗਨ ਸੀ ਓਹ ਕੁਝ ਹੋਰ ਹੀ ਸੀ ਤੇ ਉਹ ਬੜੀ ਗੰਭੀਰਤਾ ਨਾਲ ਸੋਚ ਰਿਹਾ ਸੀ—"ਕੀ ਇਹ ਸੱਚ ਮੁੱਚ ਉਨ੍ਹਾਂ ਸਾਰੇ ਗੁਣਾਂ ਨਾਲ ਭਰਪੂਰ ਹੈ ਜੋ ਇਸ ਦੇ ਚੇਹਰੇ ਤੋਂ ਪ੍ਰਗਟ ਹੋ ਰਹੇ ਹਨ ? ਜੇ ਸੱਚ ਮੁੱਚ ਇਹੋ ਗੱਲ ਹੈ ਤਾਂ ਫਿਰ



ਕੀ ਕਾਰਨ ਹੈ ਜੁ ਇਕ ਇੱਡੀ ਉੱਚੀ ਹਸਤੀ ਇਸਤਰ੍ਹਾਂ ਹੱਟੀ ਹੱਟੀ ਪੈਸੇ ਮੰਗਦੀ ਫਿਰਦੀ ਹੈ ? ਇਸ ਵਿਚ ਜ਼ਰੂਰ ਕੋਈ ਭੇਤ ਹੈ।"

ਇੰਨੇ ਨੂੰ ਉਸ ਦੀ ਨਜ਼ਰ ਗੌਣ ਵਾਲੀ ਦੇ ਬੁਢੇ ਸਾਥੀ ਤੇ ਪਈ, ਜੇੜ੍ਹਾ ਇਸ ਨਾਲ ਬੇਲਾ ਵਜਾ ਰਿਹਾ ਸੀ। ਬੁਢੇ ਦੇ ਸਾਰੇ ਕਪੜੇ ਲੀਰ ਲੀਰ ਹੋਏ ਹੋਏ ਸਨ ਤੇ ਉਸ ਦਾ ਸਰੀਰ ਹੱਡੀਆਂ ਦੀ ਮੁਠ ਤੋਂ ਵਧ ਕੁਝ ਨਹੀਂ ਸੀ। ਉਸ ਦੇ ਚੇਹਰੇ ਤੋਂ ਅਤ ਗਰੀਬੀ, ਬੇ ਵਸੀ ਤੇ ਦੁਖ ਦੇ ਚਿੰਨ੍ਹ ਪ੍ਰਗਟ ਹੋ ਰਹੇ ਸਨ। ਗੌਣ ਵਲੀ ਨੇ ਜਿਸ ਧੋਤੀ ਦਾ ਅਧੜਵੰਜਾ ਕੀਤਾ ਹੋਇਆ ਸੀ, ਉਹ ਹਲਵਾਈਆਂ ਦੇ ਤਪੜ ਨਾਲੋਂ ਵਧੀਕ ਮੈਲੀ ਤੇ ਥਾਓਂ ਥਾਈਂ ਟਾਕੀਆਂ ਨਾਲ ਲੱਥ ਪੱਥ ਸੀ। ਜਗਜੀਤ ਦਾ ਦਿਲ ਇਨ੍ਹਾਂ ਦੀ ਹਾਲਤ ਵਲ ਵੇਖ ਕੇ ਰੋ ਉਠਿਆ। ਉਸ ਦੇ ਅੰਦਰੋਂ ਪੀੜ ਨਾਲ ਵਿੰਨਿਆਂ ਹੋਇਆ ਇਕ ਹਉਕਾ ਨਿਕ-ਲਿਆ ਤੇ ਉਹ ਘਰ ਜਾਣ ਲਈ ਪਿਛਾਂਹ ਮੁੜਿਆ।

ਇਸੇ ਵੇਲੇ ਭੀੜ ਦੇ ਪਿਛਲੇ ਪਾਸਿਓਂ ਕਿਸੇ ਦੀ ਥਰ੍ਹਵੀਂ ਤੇ ਬੇਸ਼ਰਮੀ ਭਰੀ ਇਕ ਅਵਾਜ਼ ਉਸ ਦੇ ਕੰਨੀ ਪਈ। ਜਿਸ ਨੂੰ ਸੁਣਕੇ ਉਸ ਦਾ ਲਹੂ ਉਬਾਲੇ ਖਾਣ ਲੱਗ ਪਿਆ। ਇਹ ਅਵਾਜ਼ ਇਕ ਬਦਮਾਸ਼ ਦੀ ਸੀ, ਜਿਸ ਨੇ ਗੌਣ ਵਾਲੀ ਤੇ ਮਖੌਲ ਕੀਤਾ ਸੀ। ਜਗਜੀਤ ਭਾਵੇਂ ਇਕ ਅਲ੍ਹੜ ਨੌਜਵਾਨ ਨੂੰ ਸੰਸਾਰਕ ਝਮੇਲਿਆਂ ਤੋਂ ਅਣ-ਭਿਜ ਸੀ, ਪਰ ਅੱਜ ਦੀ ਘਟਨਾ ਨੇ ਉਸ ਨੂੰ ਐਸਾ ਗੰਭੀਰ ਬਣਾ ਦਿਤਾ, ਮਾਨੋਂ ਉਹ ਕੋਈ ਬੜਾ ਹੰਢਿਆ ਵਰਤਿਆ ਮਨੁਖ ਹੈ।

ਉਹ ਭੀੜ ਚੋਂ ਬਾਹਰ ਨਿਕਲ ਕੇ ਮਖੌਲ ਕਰਨ ਵਾਲੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.